ਨੌਵੀਂ

ਰਾਵੀ

ਇੱਕ ਸਰਲ ਅਧਿਐਨ

R-3

Based on latest syllabus and Guidelines by

NEP & CBSE

ਸਪਤਰਿਸ਼ੀ ਪਬਲੀਕੇਸ਼ਨ

SELECTED BOOK PREVIEW

RAAVI | Class 9 Punjabi R3

A curated look inside the actual printed book

IN THIS PREVIEW

- Class IX Punjabi language and literary learning
- School-based assessment structure and syllabus coverage
- Guided answers, class activities and creative-writing tasks

ORIGINAL PDF PAGES INCLUDED

1, 3, 6, 7, 8, 9, 18, 27, 29, 30, 35, 37, 115, 119, 133, 154

These are selected, non-consecutive pages. Original printed page numbers and book content have been preserved.

SEE THE BOOK AND REQUEST SCHOOL INFORMATION

Open book details

For Schools & Teachers

R–3 ਭਾਸ਼ਾ ਮੁਲਾਂਕਣ ਢਾਂਚਾ

ਜਮਾਤ IX (2026-27)

ਜਮਾਤ IX ਲਈ R3 ਮੁਲਾਂਕਣ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

ਕੁੱਲ ਅੰਕ - 100 (ਸਕੂਲ-ਆਧਾਰਿਤ ਮੁਲਾਂਕਣ)

ਲੜੀ ਨੰ.	ਵੇਰਵਾ	ਅੰਕ
1	ਸੁਣਨ ਅਤੇ ਬੋਲਣ ਦੇ ਹੁਨਰ	40
2	ਰਚਨਾਤਮਕ ਲਿਖਤ ਹੁਨਰ	15
3	ਸਿੱਖਣ ਸਰੋਤ ਆਧਾਰਿਤ ਭਾਸ਼ਾ ਮੁਲਾਂਕਣ ਹੇਠ ਲਿਖੇ ਅਨੁਸਾਰ	
	3.1 ਪੜ੍ਹਨ ਦਾ ਹੁਨਰ	20
	3.2 ਲਿਖਣ ਦਾ ਹੁਨਰ	10
4	ਪ੍ਰੋਜੈਕਟ ਵਰਕ	15
	ਕੁੱਲ ਅੰਕ	**100**

ਭਾਗ 1 - ਸੁਣਨ ਅਤੇ ਬੋਲਣ ਦੇ ਹੁਨਰਾਂ ਦਾ ਮੁਲਾਂਕਣ: 40 ਅੰਕ

- ਸੁਣਨ ਅਤੇ ਬੋਲਣ ਦੀਆਂ ਗਤੀਵਿਧੀਆਂ ਪੂਰੇ ਅਕਾਦਮਿਕ ਸਾਲ ਦੌਰਾਨ ਵੱਖ-ਵੱਖ ਕਲਾਸਰੂਮ-ਆਧਾਰਿਤ ਗਤੀਵਿਧੀਆਂ ਰਾਹੀਂ ਕਰਵਾਈਆਂ ਜਾਣਗੀਆਂ ।
- ਦਿੱਤੀ ਸੂਚੀ ਵਿੱਚੋਂ ਕਿਸੇ ਵੀ ਅੱਠ ਗਤੀਵਿਧੀਆਂ ਦਾ ਮੁਲਾਂਕਣ ਕੀਤਾ ਜਾਵੇ । ਅਧਿਆਪਕ ਵਿਦਿਆਰਥੀਆਂ ਨੂੰ ਆਪਣੀ ਰੁਚੀ ਵਾਲੀਆਂ ਗਤੀਵਿਧੀਆਂ ਚੁਣਨ ਲਈ ਪ੍ਰੇਰਿਤ ਕਰੇਗਾ। ਹਰ ਗਤੀਵਿਧੀ 5 ਅੰਕਾਂ ਦੀ ਹੋਵੇਗੀ ਅਤੇ ਉਹ ਅੱਠ ਗਤੀਵਿਧੀਆਂ ਚੁਣ ਸਕਣਗੇ। (**5×8 = 40 ਅੰਕ**)

ਸੁਝਾਈਆਂ ਗਤੀਵਿਧੀਆਂ ਦੀ ਸੂਚੀ:

- ਸੁਣੋ ਅਤੇ ਜਵਾਬ ਦਿਓ (ਹਦਾਇਤ ਦੀ ਪਾਲਣਾ ਕਰੋ/ਸਵਾਲ ਦਾ ਜਵਾਬ ਦਿਓ)
- ਕਿਸੇ ਤਸਵੀਰ, ਵਸਤੂ, ਵਿਅਕਤੀ, ਸਥਾਨ ਜਾਂ ਘਟਨਾ ਦਾ ਵਰਣਨ ਕਰੋ।
- ਜੋੜੀ ਜਾਂ ਸਮੂਹ-ਵਾਰ ਗੱਲਬਾਤ ਵਿੱਚ ਹਿੱਸਾ ਲਓ।
- ਆਪਣਾ, ਪਰਿਵਾਰਕ ਮੈਂਬਰਾਂ, ਦੋਸਤਾਂ ਜਾਂ ਭਾਈਚਾਰੇ ਦੀ ਜਾਣਕਾਰੀ ਦਿਓ।
- ਨਿੱਜੀ ਅਨੁਭਵ ਜਾਂ ਜਾਣ-ਪਛਾਣ ਵਾਲੀ ਘਟਨਾ ਸੁਣਾਓ।
- ਘੋਸ਼ਣਾਵਾਂ, ਇੰਟਰਵਿਊ ਜਾਂ ਛੋਟੀਆਂ ਵਾਰਤਾਂ ਸੁਣ ਕੇ ਜਵਾਬ ਦਿਓ।
- ਤਸਵੀਰਾਂ ਦੀ ਲੜੀ ਤੋਂ ਘਟਨਾਵਾਂ ਨੂੰ ਕ੍ਰਮਵਾਰ ਲਗਾ ਕੇ ਸੁਣਾਓ।

ਤਤਕਰਾ

- ਬੋਲੀ ਤੇ ਭਾਸ਼ਾ – (ਵਿਆਕਰਣ) 7
- ਸਿੰਮਲ ਰੁਖ਼ ਸਰਾਇਰਾ – (ਗੁਰਬਾਣੀ) 27

  ਸ੍ਰੀ ਗੁਰੂ ਨਾਨਕ ਦੇਵ ਜੀ
- ਸਮਾਂ – (ਕਵਿਤਾ) 35

  ਭਾਈ ਵੀਰ ਸਿੰਘ
- ਨਿੱਕੇ ਵੱਡੇ ਡਰ – (ਕਵਿਤਾ) 41

  ਡਾ. ਜਗਤਾਰ
- ਵਾਤਾਵਰਨ ਵਿੱਚ ਸੁੰਦਰਤਾ – (ਲੇਖ) 48

  ਗੁਰਬਖ਼ਸ਼ ਸਿੰਘ ਪ੍ਰੀਤਲੜੀ
- ਪੰਜਾਬ ਦਾ ਗੌਰਵ ਮਹਾਰਾਜਾ ਰਣਜੀਤ ਸਿੰਘ – (ਲੇਖ) 57

  ਡਾ. ਹਰਬੰਸ ਸਿੰਘ ਚਾਵਲਾ
- ਸਾਂਝ – (ਕਹਾਣੀ) 68

  ਕੁਲਵੰਤ ਸਿੰਘ ਵਿਰਕ
- ਬੇ-ਈਮਾਨ (ਇਕਾਂਗੀ) 78

  ਈਸ਼ਵਰ ਚੰਦਰ ਨੰਦਾ
- ਭਾਗ – 1 (ਸੁਣਨ ਅਤੇ ਬੋਲਣ ਦੇ ਹੁਨਰਾਂ ਦਾ ਮੁਲਾਂਕਣ) 100
- ਭਾਗ – 2 (ਰਚਨਾਤਮਕ ਲਿਖਤ) 125
- ਭਾਗ – 3 (ਰਾਵੀ ਪੁਸਤਕ ਆਧਾਰਿਤ ਭਾਸ਼ਾ ਮੁਲਾਂਕਣ) 149
- ਮਾਡਲ ਪ੍ਰਸ਼ਨ-ਪੱਤਰ–1 161

1 ਬੋਲੀ ਤੇ ਭਾਸ਼ਾ (ਵਿਆਕਰਣ)



ਬੋਲੀ ਅਤੇ ਭਾਸ਼ਾ ਮਨੁੱਖ ਦੇ ਵਿਚਾਰਾਂ, ਭਾਵਨਾਵਾਂ ਅਤੇ ਜਾਣਕਾਰੀ ਨੂੰ ਇੱਕ ਦੂਜੇ ਤੱਕ ਪਹੁੰਚਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹਨ। ਮਨੁੱਖ ਆਪਣੇ ਮਨ ਦੀ ਗੱਲ ਦੂਜਿਆਂ ਨੂੰ ਸਮਝਾਉਣ ਲਈ ਬੋਲੀ ਦੀ ਵਰਤੋਂ ਕਰਦਾ ਹੈ। ਜਦੋਂ ਅਸੀਂ ਬੋਲ ਕੇ ਆਪਣੇ ਵਿਚਾਰ ਪ੍ਰਗਟ ਕਰਦੇ ਹਾਂ ਜਾਂ ਲਿਖ ਕੇ ਆਪਣਾ ਸੰਦੇਸ਼ ਦਿੰਦੇ ਹਾਂ, ਤਾਂ ਇਹ ਸਭ ਭਾਸ਼ਾ ਰਾਹੀਂ ਹੀ ਸੰਭਵ ਹੁੰਦਾ ਹੈ। ਇਸ ਲਈ ਭਾਸ਼ਾ ਨੂੰ ਮਨੁੱਖੀ ਜੀਵਨ ਦਾ ਅਟੁੱਟ ਅੰਗ ਮੰਨਿਆ ਜਾਂਦਾ ਹੈ।

ਹਰ ਖੇਤਰ, ਇਲਾਕੇ ਜਾਂ ਸਮਾਜ ਦੀ ਆਪਣੀ ਵੱਖਰੀ ਬੋਲੀ ਹੁੰਦੀ ਹੈ। ਪੰਜਾਬ ਵਿੱਚ ਪੰਜਾਬੀ, ਹਰਿਆਣਾ ਵਿੱਚ ਹਰਿਆਣਵੀ ਅਤੇ ਹੋਰ ਖੇਤਰਾਂ ਵਿੱਚ ਉੱਥੋਂ ਦੀਆਂ ਸਥਾਨਕ ਬੋਲੀਆਂ ਬੋਲੀਆਂ ਜਾਂਦੀਆਂ ਹਨ। ਬੋਲੀ ਸਮੇਂ ਦੇ ਨਾਲ ਬਦਲਦੀ ਅਤੇ ਵਿਕਸਿਤ ਹੁੰਦੀ ਰਹਿੰਦੀ ਹੈ। ਲੋਕਾਂ ਦੇ ਰਹਿਣ-ਸਹਿਣ, ਸੱਭਿਆਚਾਰ, ਸਿੱਖਿਆ ਅਤੇ ਜੀਵਨ-ਢੰਗ ਦੇ ਪ੍ਰਭਾਵ ਕਾਰਨ ਬੋਲੀ ਵਿੱਚ ਨਵੇਂ ਸ਼ਬਦ ਸ਼ਾਮਲ ਹੁੰਦੇ ਰਹਿੰਦੇ ਹਨ ਅਤੇ ਕੁਝ ਪੁਰਾਣੇ ਸ਼ਬਦ ਵਰਤੋਂ ਤੋਂ ਬਾਹਰ ਹੋ ਜਾਂਦੇ ਹਨ। ਇਸ ਲਈ ਬੋਲੀ ਨੂੰ ਗਤੀਸ਼ੀਲ ਕਿਹਾ ਜਾਂਦਾ ਹੈ।

ਜਿਸ ਬੋਲੀ ਦੀ ਵਰਤੋਂ ਲੋਕ ਰੋਜ਼ਾਨਾ ਆਪਸੀ ਗੱਲਬਾਤ ਲਈ ਕਰਦੇ ਹਨ, ਉਸ ਨੂੰ **ਬੋਲ-ਚਾਲ ਦੀ ਬੋਲੀ** ਕਿਹਾ ਜਾਂਦਾ ਹੈ। ਇਹ ਬੋਲੀ ਸਧਾਰਨ ਅਤੇ ਸੁਭਾਵਿਕ ਹੁੰਦੀ ਹੈ। ਪਰ ਜਦੋਂ ਉਸੇ ਬੋਲੀ ਨੂੰ ਨਿਯਮਾਂ ਅਨੁਸਾਰ ਲਿਖਿਆ ਜਾਂਦਾ ਹੈ ਅਤੇ ਉਸ ਵਿੱਚ ਸਾਹਿਤ, ਕਵਿਤਾ, ਕਹਾਣੀਆਂ, ਨਾਵਲ, ਨਾਟਕ ਅਤੇ ਹੋਰ ਪੁਸਤਕਾਂ ਦੀ ਰਚਨਾ ਕੀਤੀ ਜਾਂਦੀ ਹੈ, ਤਾਂ ਉਸ ਨੂੰ **ਲਿਖਤੀ ਜਾਂ ਟਕਸਾਲੀ ਬੋਲੀ** ਕਿਹਾ ਜਾਂਦਾ ਹੈ। ਲਿਖਤੀ ਭਾਸ਼ਾ ਵਧੇਰੇ ਸ਼ੁੱਧ, ਸੁਚੱਜੀ ਅਤੇ ਵਿਆਕਰਨ ਦੇ ਨਿਯਮਾਂ ਅਨੁਸਾਰ ਹੁੰਦੀ ਹੈ।

ਕਿਸੇ ਵੀ ਭਾਸ਼ਾ ਨੂੰ ਲਿਖਣ ਲਈ ਇੱਕ ਲਿਪੀ ਦੀ ਲੋੜ ਹੁੰਦੀ ਹੈ। ਲਿਪੀ ਵਿੱਚ ਵਰਤੇ ਜਾਣ ਵਾਲੇ ਚਿੰਨ੍ਹਾਂ ਨੂੰ **ਅੱਖਰ ਜਾਂ ਵਰਣ** ਕਿਹਾ ਜਾਂਦਾ ਹੈ। ਇਨ੍ਹਾਂ ਅੱਖਰਾਂ ਨੂੰ ਜੋੜ ਕੇ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ ਬਣਦੇ ਹਨ। ਭਾਸ਼ਾ ਦੀ ਸਭ ਤੋਂ ਛੋਟੀ ਧੁਨੀ, ਜਿਸ ਨੂੰ ਲਿਖਿਆ ਜਾ ਸਕੇ, ਵਰਨ ਜਾਂ ਅੱਖਰ ਕਹਾਉਂਦੀ ਹੈ। ਵਰਨਾਂ ਨੂੰ ਜੋੜ ਕੇ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਨੂੰ ਜੋੜ ਕੇ ਵਾਕ ਬਣਦੇ ਹਨ।

ਉਦਾਹਰਨ: ਕ, ਖ, ਗ, ਘ, ਚ, ਜ, ਟ, ਤ, ਪ, ਮ ਆਦਿ।

ਪੰਜਾਬੀ ਭਾਸ਼ਾ ਦੀ ਸਭ ਤੋਂ ਢੁੱਕਵੀਂ ਅਤੇ ਪ੍ਰਮਾਣਿਤ ਲਿਪੀ **ਗੁਰਮੁਖੀ** ਹੈ। ਗੁਰਮੁਖੀ ਲਿਪੀ ਦਾ ਵਿਕਾਸ ਸਿੱਖ ਗੁਰੂਆਂ ਨੇ ਕੀਤਾ ਅਤੇ ਇਸ ਨੂੰ ਵਿਸ਼ੇਸ਼ ਤੌਰ 'ਤੇ **ਸ੍ਰੀ ਗੁਰੂ ਅੰਗਦ ਦੇਵ ਜੀ** ਨੇ ਪ੍ਰਚਲਿਤ ਅਤੇ ਸੁਚੱਜਾ ਰੂਪ ਦਿੱਤਾ। ਗੁਰਮੁਖੀ ਵਰਣਮਾਲਾ ਵਿੱਚ **ਪੈਂਤੀ ਅੱਖਰ** (**ਪੈਂਤੀ ਅੱਖਰੀ**) ਹਨ, ਜਿਨ੍ਹਾਂ ਦੀ ਮਦਦ ਨਾਲ ਪੰਜਾਬੀ ਭਾਸ਼ਾ ਨੂੰ ਸਹੀ ਢੰਗ ਨਾਲ ਲਿਖਿਆ ਅਤੇ ਪੜ੍ਹਿਆ ਜਾਂਦਾ ਹੈ।

ਯਾਦ ਰੱਖੋ

ਬੋਲੀ → ਕਿਸੇ ਇਲਾਕੇ ਦੇ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਨੂੰ ਬੋਲੀ ਕਿਹਾ ਜਾਂਦਾ ਹੈ।

ਭਾਸ਼ਾ → ਲਿਖਤੀ ਰੂਪ ਅਤੇ ਨਿਯਮਾਂ ਵਾਲੀ ਬੋਲੀ ਨੂੰ ਭਾਸ਼ਾ ਕਿਹਾ ਜਾਂਦਾ ਹੈ।

ਟਕਸਾਲੀ ਭਾਸ਼ਾ → ਸਭ ਤੋਂ ਸ਼ੁੱਧ ਅਤੇ ਮਿਆਰੀ ਭਾਸ਼ਾ, ਜੋ ਪੜ੍ਹਾਈ, ਸਾਹਿਤ ਅਤੇ ਸਰਕਾਰੀ ਕੰਮਾਂ ਵਿੱਚ ਵਰਤੀ ਜਾਂਦੀ ਹੈ।

ਵਰਨ ਜਾਂ ਅੱਖਰ

ਭਾਸ਼ਾ ਦੀ ਸਭ ਤੋਂ ਛੋਟੀ ਧੁਨੀ, ਜਿਸ ਨੂੰ ਲਿਖਿਆ ਜਾ ਸਕੇ

ਗੁਰਮੁਖੀ ਲਿਪੀ

ਗੁਰਮੁਖੀ ਪੰਜਾਬੀ ਭਾਸ਼ਾ ਦੀ ਲਿਪੀ ਹੈ। ਇਸ ਲਿਪੀ ਨੂੰ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੋਕਾਂ ਲਈ ਸੁਧਾਰ ਕੇ ਪ੍ਰਚਲਿਤ ਕੀਤਾ। ਅੱਜ ਪੰਜਾਬੀ ਭਾਸ਼ਾ ਨੂੰ ਲਿਖਣ ਅਤੇ ਪੜ੍ਹਨ ਲਈ ਗੁਰਮੁਖੀ ਲਿਪੀ ਵਰਤੀ ਜਾਂਦੀ ਹੈ।

ਵਿਸ਼ੇਸ਼ਤਾਵਾਂ:

- ਪੰਜਾਬੀ ਦੀ ਆਪਣੀ ਲਿਪੀ ਹੈ।
- ਇਹ ਸੌਖੀ ਅਤੇ ਵਿਗਿਆਨਕ ਲਿਪੀ ਹੈ।
- ਇਸ ਵਿੱਚ ਜਿਵੇਂ ਬੋਲਿਆ ਜਾਂਦਾ ਹੈ, ਤਿਵੇਂ ਹੀ ਲਿਖਿਆ ਜਾਂਦਾ ਹੈ।

ਵਰਨਮਾਲਾ

ਕਿਸੇ ਭਾਸ਼ਾ ਦੇ ਸਾਰੇ ਵਰਨਾਂ (ਅੱਖਰਾਂ) ਦੇ ਕ੍ਰਮਬੱਧ ਸਮੂਹ ਨੂੰ ਵਰਨਮਾਲਾ ਕਹਿੰਦੇ ਹਨ।

ਗੁਰਮੁਖੀ ਵਰਨਮਾਲਾ ਵਿੱਚ 35 ਅੱਖਰ ਹੁੰਦੇ ਹਨ:

ੳ, ਅ, ੲ, ਸ, ਹ, ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ

ਯਾਦ ਰੱਖੋ

- ਵਰਨ/ਅੱਖਰ → ਭਾਸ਼ਾ ਦੀ ਸਭ ਤੋਂ ਛੋਟੀ ਲਿਖੀ ਜਾਣ ਵਾਲੀ ਧੁਨੀ ਹੈ।
- ਗੁਰਮੁਖੀ ਲਿਪੀ → ਪੰਜਾਬੀ ਭਾਸ਼ਾ ਨੂੰ ਲਿਖਣ ਦੀ ਲਿਪੀ ਹੈ।
- ਵਰਨਮਾਲਾ → ਭਾਸ਼ਾ ਦੇ ਸਾਰੇ ਵਰਨਾਂ ਦਾ ਕ੍ਰਮਵਾਰ ਸਮੂਹ ਹੈ।
- ਗੁਰਮੁਖੀ ਵਰਨਮਾਲਾ → 35 ਅੱਖਰਾਂ ਤੋਂ ਬਣੀ ਹੈ।

ਗੁਰਮੁਖੀ	ਹਿੰਦੀ	English Sound	ਪੰਜਾਬੀ ਸ਼ਬਦ
ੳ	उ)	U	ਉੱਲੂ
ਅ	अ	A	ਅਨਾਰ
ੲ	इ)	I	ਇਮਲੀ
ਸ	स	S	ਸੱਪ
ਹ	ह	H	ਹਾਥੀ
ਕ	क	K	ਕਮਲ
ਖ	ख	Kh	ਖਰਗੋਸ਼
ਗ	ग	G	ਗਮਲਾ
ਘ	घ	Gh	ਘਰ
ਙ	ङ	Ng	ਙ (ਸਿਰਫ਼ ਜੋੜਾਂ ਵਿੱਚ)
ਚ	च	Ch	ਚਮਚਾ
ਛ	छ	Chh	ਛਤਰੀ
ਜ	ज	J	ਜਹਾਜ਼

6. 'ਆ' ਦੀ ਮਾਤਰਾ ਨੂੰ ਕੀ ਕਹਿੰਦੇ ਹਨ ?

(ੳ) ਸਿਹਾਰੀ (ਅ) ਬਿਹਾਰੀ

(ੲ) ਕੰਨਾ (ਸ) ਲਾਂ

7. 'ਇ' ਦੀ ਮਾਤਰਾ ਦਾ ਨਾਮ ਕੀ ਹੈ ?

(ੳ) ਬਿਹਾਰੀ (ਅ) ਸਿਹਾਰੀ

(ੲ) ਔਂਕੜ (ਸ) ਲਾਂ

8. ਹੇਠ ਲਿਖਿਆਂ ਵਿੱਚੋਂ ਲਘੂ ਲਗ ਕਿਹੜੀ ਹੈ ?

(ੳ) ਕੰਨਾ (ਅ) ਲਾਂ

(ੲ) ਸਿਹਾਰੀ (ਸ) ਬਿਹਾਰੀ

9. ਹੇਠ ਲਿਖਿਆਂ ਵਿੱਚੋਂ ਦੀਰਘ ਲਗ ਕਿਹੜੀ ਹੈ ?

(ੳ) ਮੁਕਤਾ (ਅ) ਸਿਹਾਰੀ

(ੲ) ਔਂਕੜ (ਸ) ਦੁਲੈਂਕੜ

10. 'ਉ' ਅਤੇ 'ਊ' ਦੀਆਂ ਮਾਤਰਾਵਾਂ ਕਿਸ ਆਧਾਰ ਅੱਖਰ ਉੱਤੇ ਲੱਗਦੀਆਂ ਹਨ ?

(ੳ) ਅ (ਅ) ੳ

(ੲ) ੲ (ਸ) ਕ

11. ਟਕਸਾਲੀ ਭਾਸ਼ਾ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

(ੳ) ਲੋਕ ਭਾਸ਼ਾ (ਅ) ਮਿਆਰੀ ਭਾਸ਼ਾ

(ੲ) ਵਿਦੇਸ਼ੀ ਭਾਸ਼ਾ (ਸ) ਬੋਲਚਾਲ ਦੀ ਭਾਸ਼ਾ

12. ਦੁਲਾਵਾਂ ਮਾਤਰਾ ਦਾ ਚਿੰਨ ਹੈ

(ੳ) ਾ (ਅ) ੁ

(ੲ) ੇ (ਸ) ੈ

13. ਹੋੜਾ, ਔਂਕੜ ਤੇ ਦੁਲੈਂਕੜ ਕਿਹੜੇ ਅੱਖਰ ਨਾਲ ਲਾਏ ਜਾਂਦੇ ਹਨ ?

(ੳ) ੳ (ਅ) ਅ

(ੲ) ੲ (ਸ) ਕੋਈ ਵੀ ਨਹੀਂ

14. ਹਿੰਦੀ ਦਾ 'श' ਗੁਰਮੁਖੀ ਵਿੱਚ ਲਿਖਿਆ ਜਾਂਦਾ ਹੈ :-

(ੳ) ਸ (ਅ) ਮ

(ੲ) ਸ਼ (ਸ) ਛ

15. ਗੁਰਮੁਖੀ ਨੂੰ ਕਿੰਨੇ ਅੱਖਰੀ ਕਿਹਾ ਜਾਂਦਾ ਹੈ ?

(ੳ) ਚੌਂਤੀ (ਅ) ਛੱਤੀ

(ੲ) ਸੈਂਤੀ (ਸ) ਪੈਂਤੀ

16. 'ੳ' ਨਾਲ ਕਿਹੜੀਆਂ ਲਗਾਂ ਵਰਤੀਆਂ ਜਾਂਦੀਆਂ ਹਨ ?

(ੳ) ਸਿਹਾਰੀ, ਬਿਹਾਰੀ, ਲਾਂ (ਅ) ਕੰਨਾ, ਦੁਲਾਵਾਂ, ਕਨੌੜਾ

ਸ੍ਰੀ ਗੁਰੂ ਨਾਨਕ ਦੇਵ ਜੀ



ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ, ਮਹਾਨ ਆਧਿਆਤਮਿਕ ਮਹਾਂਪੁਰਖ, ਸਮਾਜ ਸੁਧਾਰਕ ਅਤੇ ਵਿਸ਼ਵ-ਭਾਈਚਾਰੇ ਦੇ ਪ੍ਰਚਾਰਕ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਮੌਜੂਦਾ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਹੋਇਆ ਅਤੇ ਉਨ੍ਹਾਂ ਦੇ ਪਿਤਾ ਜੀ ਦਾ ਨਾਮ ਮਹਿਤਾ ਕਾਲੂ ਅਤੇ ਮਾਤਾ ਦਾ ਨਾਮ ਤ੍ਰਿਪਤਾ ਜੀ ਸੀ। ਉਨ੍ਹਾਂ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਨੇ ਬਚਪਨ ਤੋਂ ਹੀ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਨੂੰ ਪਛਾਣ ਲਿਆ ਸੀ ਅਤੇ ਉਹ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਸੀ।

ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਬਹੁਤ ਹੀ ਹੋਣਹਾਰ, ਦਿਆਲੂ, ਵਿਚਾਰਵਾਨ ਅਤੇ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਜਾਤ-ਪਾਤ, ਛੂਆਛੂਤ, ਅੰਧਵਿਸ਼ਵਾਸ, ਕਰਮਕਾਂਡ ਅਤੇ ਸਮਾਜਿਕ ਬੁਰਾਈਆਂ ਦਾ ਡਟ ਕੇ ਵਿਰੋਧ ਕੀਤਾ। ਉਨ੍ਹਾਂ ਨੇ ਮਨੁੱਖਤਾ ਨੂੰ "ਇਕ ਓਅੰਕਾਰ", ਸੱਚ, ਪਿਆਰ, ਬਰਾਬਰੀ, ਸੇਵਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਚਾਰ ਉਦਾਸੀਆਂ ਰਾਹੀਂ ਭਾਰਤ ਅਤੇ ਹੋਰ ਕਈ ਦੇਸ਼ਾਂ ਦਾ ਦੌਰਾ ਕਰਕੇ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਦੇ ਤਿੰਨ ਮੁੱਖ ਸਿਧਾਂਤ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਸਿੱਖ ਧਰਮ ਦੀ ਬੁਨਿਆਦ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 19 ਰਾਗਾਂ ਵਿੱਚ ਦਰਜ ਹੈ। ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਵਿੱਚ ਜਪੁਜੀ ਸਾਹਿਬ, ਆਸਾ ਦੀ ਵਾਰ, ਸਿੱਧ ਗੋਸ਼ਟ, ਪੱਟੀ, ਬਾਰਹ ਮਾਹਾ, ਆਰਤੀ,

ਔਖੇ ਸ਼ਬਦਾਂ ਦੇ ਅਰਥ

ਸਭੁ ਕੋ - ਹਰ ਕੋਈ, ਨਿਵੈ - ਝੁਕਦਾ ਹੈ, ਪਰ ਕਉ - ਦੂਜਿਆਂ ਅੱਗੇ, ਧਰਿ - ਰੱਖ ਕੇ, ਤਰਾਜੂ - ਤੱਕੜੀ, ਤੋਲੀਐ - ਤੋਲਣਾ, ਗਉਰਾ - ਭਾਰੀ, ਅਪਰਾਧੀ - ਦੋਸ਼ੀ, ਦੂਣਾ - ਦੋਗੁਣਾ, ਹੰਤਾ - ਮਾਰਨ ਵਾਲਾ, ਮਿਰਗਾਹਿ - ਸ਼ਿਕਾਰ ਕਰਨ ਲਈ, ਸੀਸਿ - ਸਿਰ, ਨਿਵਾਇਐ - ਝੁਕਾਉਣ ਨਾਲ, ਰਿਦੈ - ਮਨ, ਕੁਸੁਧੇ - ਮੈਲੇ, ਖੋਟੇ, ਬੁਰੇ, ਜਾਹਿ - ਹੋਣ, ਵਸਦੇ ਹੋਣ

ਪ੍ਰਸੰਗ- ਇਹ ਪਵਿੱਤਰ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਇਸ ਬਾਣੀ ਵਿੱਚ ਗੁਰੂ ਜੀ ਨੇ ਮਨੁੱਖ ਨੂੰ ਸੱਚੀ ਨਿਮਰਤਾ ਅਤੇ ਅੰਦਰੂਨੀ ਪਵਿੱਤਰਤਾ ਦਾ ਮਹੱਤਵ ਸਮਝਾਇਆ ਹੈ। ਉਹ ਦੱਸਦੇ ਹਨ ਕਿ ਸਿਰਫ਼ ਬਾਹਰੋਂ ਨਿਮਰ ਦਿਖਣਾ ਕਾਫ਼ੀ ਨਹੀਂ, ਸਗੋਂ ਮਨ ਵੀ ਪਵਿੱਤਰ ਅਤੇ ਨਿਰਮਲ ਹੋਣਾ ਚਾਹੀਦਾ ਹੈ।

ਵਿਆਖਿਆ- ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਹਰ ਮਨੁੱਖ ਆਪਣੇ ਸੁਆਰਥ ਲਈ ਤਾਂ ਨਿਮਰ ਬਣ ਜਾਂਦਾ ਹੈ, ਪਰ ਦੂਜਿਆਂ ਦੀ ਭਲਾਈ ਲਈ ਸੱਚੇ ਦਿਲੋਂ ਨਿਮਰ ਨਹੀਂ ਹੁੰਦਾ। ਜੇ ਤਰਾਜੂ ਵਿੱਚ ਤੋਲਿਆ ਜਾਵੇ ਤਾਂ ਜੋ ਪੱਲੜਾ ਭਾਰੀ ਹੁੰਦਾ ਹੈ, ਉਹੀ ਹੇਠਾਂ ਝੁਕਦਾ ਹੈ। ਇਸੇ ਤਰ੍ਹਾਂ ਅਸਲ ਮਹਾਨ ਮਨੁੱਖ ਉਹ ਹੈ, ਜੋ ਗਿਆਨ, ਗੁਣਾਂ ਅਤੇ ਨਿਮਰਤਾ ਨਾਲ ਭਰਪੂਰ ਹੋਣ ਕਰਕੇ ਆਪਣੇ ਆਪ ਨਿਮਰ ਰਹਿੰਦਾ ਹੈ।

ਅੱਗੇ ਗੁਰੂ ਜੀ ਕਹਿੰਦੇ ਹਨ ਕਿ ਕਈ ਵਾਰ ਅਪਰਾਧੀ ਜਾਂ ਸ਼ਿਕਾਰੀ ਵੀ ਆਪਣਾ ਮਕਸਦ ਪੂਰਾ ਕਰਨ ਲਈ ਬਹੁਤ ਨਿਮਰ ਬਣ ਕੇ ਪੇਸ਼ ਆਉਂਦੇ ਹਨ। ਇਸ ਲਈ ਕੇਵਲ ਬਾਹਰੋਂ ਸਿਰ ਝੁਕਾਉਣ ਜਾਂ ਨਿਮਰਤਾ ਦਾ ਦਿਖਾਵਾ ਕਰਨ ਦਾ ਕੋਈ ਲਾਭ ਨਹੀਂ, ਜੇ ਮਨ ਵਿੱਚ ਕਪਟ, ਹੰਕਾਰ, ਈਰਖਾ ਜਾਂ ਬੁਰੇ ਵਿਚਾਰ ਵੱਸਦੇ ਹੋਣ। ਸੱਚੀ ਨਿਮਰਤਾ ਉਹੀ ਹੈ ਜੋ ਮਨ ਦੀ ਪਵਿੱਤਰਤਾ, ਸੱਚਾਈ ਅਤੇ ਚੰਗੇ ਆਚਰਨ ਨਾਲ ਜੁੜੀ ਹੋਵੇ। ਇਹੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਹੈ।

ਬਹੁ-ਵਿਕਲਪੀ ਪ੍ਰਸ਼ਨ

1. ਗੁਰੂ ਨਾਨਕ ਦੇਵ ਜੀ ਅਨੁਸਾਰ ਨੀਵੇਂ ਹੋਣ ਦਾ ਕੀ ਅਰਥ ਹੈ ?

(ੳ) ਨਿਮਰਤਾ ਦਾ ਗੁਣ ਮਨ ਅੰਦਰ ਧਾਰਨ ਕਰਨਾ (ਅ) ਆਪਣੇ ਸਰੀਰ ਨੂੰ ਨਿਵਾਉਣਾ

(ੲ) ਆਪਣੇ ਸਵਾਰਥ ਲਈ ਨਿਵਣਾ (ਸ) ਹੰਕਾਰੀ ਹੋਣਾ

2. ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖੀ-ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਕਿਸ ਵਿੱਚ ਹੈ ?

(ੳ) ਹੰਕਾਰੀ ਮਨੁੱਖ ਬਣਨ ਵਿੱਚ (ਅ) ਵੱਧ ਤੋਂ ਵੱਧ ਪਦਾਰਥ ਵਸਤਾਂ ਪ੍ਰਾਪਤ ਕਰਨ ਵਿੱਚ

(ੲ) ਨਿਮਰਤਾ ਧਾਰਨ ਕਰਨ ਵਿੱਚ (ਸ) ਮੂਰਤੀ ਪੂਜਾ ਕਰਨ ਵਿੱਚ

ਉੱਤਰ- 1. (ੳ) ਨਿਮਰਤਾ ਦਾ ਗੁਣ ਮਨ ਅੰਦਰ ਧਾਰਨ ਕਰਨਾ

2. (ੲ) ਨਿਮਰਤਾ ਧਾਰਨ ਕਰਨ ਵਿੱਚ

ਛੋਟੇ ਉੱਤਰਾਂ ਵਾਲਾ ਪ੍ਰਸ਼ਨ:

ਪ੍ਰਸ਼ਨ 1. **"ਨਿਵੈ ਸੁ ਗਉਰਾ ਹੋਇਦਾ" ਦਾ ਕੀ ਅਰਥ ਹੈ ?**

ਉੱਤਰ: **"ਨਿਵੈ ਸੁ ਗਉਰਾ ਹੋਇ"** ਦਾ ਅਰਥ ਹੈ ਕਿ ਜੋ ਮਨੁੱਖ ਨਿਮਰਤਾ ਧਾਰਨ ਕਰਦਾ ਹੈ, ਉਹੀ ਸਤਿਕਾਰ ਅਤੇ ਮਹਾਨਤਾ ਪ੍ਰਾਪਤ ਕਰਦਾ ਹੈ। ਨਿਮਰਤਾ ਮਨੁੱਖ ਦਾ ਸਭ ਤੋਂ ਵੱਡਾ ਗੁਣ ਹੈ।

ਪ੍ਰਸ਼ਨ 2. **ਸਿੰਮਲ ਰੁੱਖ ਬਾਰੇ ਗੁਰੂ ਨਾਨਕ ਦੇਵ ਜੀ ਨੇ ਕੀ ਵਿਚਾਰ ਪੇਸ਼ ਕੀਤੇ ਹਨ ?**

ਉੱਤਰ: ਗੁਰੂ ਨਾਨਕ ਦੇਵ ਜੀ ਨੇ ਸਿੰਮਲ ਦੇ ਰੁੱਖ ਦੀ ਉਦਾਹਰਨ ਦੇ ਕੇ ਦੱਸਿਆ ਹੈ ਕਿ ਇਹ ਰੁੱਖ ਭਾਵੇਂ ਬਹੁਤ ਉੱਚਾ ਅਤੇ ਸੋਹਣਾ ਦਿਖਾਈ ਦਿੰਦਾ ਹੈ, ਪਰ ਇਸ ਉੱਤੇ ਨਾ ਤਾਂ ਸੁਆਦਲੇ ਫਲ ਲੱਗਦੇ ਹਨ, ਨਾ ਇਸ ਦੇ ਫੁੱਲ ਕਿਸੇ ਦੇ ਖਾਣ ਦੇ ਕੰਮ ਆਉਂਦੇ ਹਨ ਅਤੇ ਨਾ ਹੀ ਇਸ ਦੀ ਕੋਈ ਹੋਰ ਚੀਜ਼ ਲੋਕਾਂ ਦੇ ਵਿਸ਼ੇਸ਼ ਕੰਮ ਆਉਂਦੀ ਹੈ। ਇਸ ਲਈ ਬਾਹਰੀ ਸ਼ਾਨ ਨਾਲੋਂ ਮਨੁੱਖ ਦੇ ਗੁਣ, ਨਿਮਰਤਾ ਅਤੇ ਪਰਉਪਕਾਰ ਹੀ ਉਸ ਨੂੰ ਮਹਾਨ ਬਣਾਉਂਦੇ ਹਨ।

ਪ੍ਰਸ਼ਨ 3. **ਸਿੰਮਲ ਦੇ ਰੁੱਖ ਤੋਂ ਪੰਛੀ ਨਿਰਾਸ਼ ਹੋ ਕੇ ਵਾਪਸ ਕਿਉਂ ਚਲੇ ਜਾਂਦੇ ਹਨ ?**

ਉੱਤਰ: ਪੰਛੀ ਸਿੰਮਲ ਦੇ ਰੁੱਖ ਤੋਂ ਇਸ ਲਈ ਨਿਰਾਸ਼ ਹੋ ਕੇ ਵਾਪਸ ਚਲੇ ਜਾਂਦੇ ਹਨ ਕਿਉਂਕਿ ਇਸ ਉੱਤੇ ਨਾ ਤਾਂ ਸੁਆਦਲੇ ਫਲ ਲੱਗਦੇ ਹਨ, ਨਾ ਹੀ ਇਸ ਦੇ ਫੁੱਲ ਉਨ੍ਹਾਂ ਦੇ ਕਿਸੇ ਕੰਮ ਆਉਂਦੇ ਹਨ ਅਤੇ ਨਾ ਹੀ ਇਸ ਦੀ ਕੋਈ ਹੋਰ ਚੀਜ਼ ਉਨ੍ਹਾਂ ਲਈ ਲਾਭਦਾਇਕ ਹੁੰਦੀ ਹੈ। ਇਸ ਲਈ ਉਨ੍ਹਾਂ ਨੂੰ ਉੱਥੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਉਹ ਨਿਰਾਸ ਹੋ ਕੇ ਵਾਪਸ ਚਲੇ ਜਾਂਦੇ ਹਨ।

ਪ੍ਰਸ਼ਨ 4. **ਨਿਰਾ ਸਰੀਰ ਨਿਵਾਉਣ ਨੂੰ ਗੁਰੂ ਨਾਨਕ ਦੇਵ ਜੀ ਕੀ ਕਹਿੰਦੇ ਹਨ ?**

ਉੱਤਰ: ਗੁਰੂ ਨਾਨਕ ਦੇਵ ਜੀ ਦੇ ਅਨੁਸਾਰ **ਕੇਵਲ ਸਰੀਰ ਜਾਂ ਸਿਰ ਨਿਵਾਉਣਾ ਹੀ ਸੱਚੀ ਨਿਮਰਤਾ ਨਹੀਂ ਹੈ।** ਅਸਲ ਨਿਮਰਤਾ ਉਹ ਹੈ ਜੋ ਮਨ, ਬਚਨ ਅਤੇ ਕਰਮ ਵਿੱਚ ਹੋਵੇ ਅਤੇ ਜਿਸ ਵਿੱਚ ਮਨੁੱਖ ਗੁਣਵਾਨ, ਦਿਆਲੂ ਅਤੇ ਪਰਉਪਕਾਰੀ ਬਣੇ।

ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਹੇਠਾਂ ਲਿਖੇ ਪ੍ਰਸ਼ਨਾਂ ਦਾ ਉੱਤਰ 100- 125 ਸ਼ਬਦਾਂ ਵਿੱਚ ਲਿਖੋ

ਪ੍ਰਸ਼ਨ 1. **ਗੁਰੂ ਨਾਨਕ ਦੇਵ ਜੀ ਦੀ ਰਚਨਾ "ਸਿੰਮਲ ਰੁਖੁ ਸਰਾਇਰਾ" ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।**

ਉੱਤਰ: "ਸਿੰਮਲ ਰੁਖੁ ਸਰਾਇਰਾ" ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਪਦੇਸ਼ਮਈ ਬਾਣੀ ਹੈ। ਇਸ ਵਿੱਚ ਗੁਰੂ ਜੀ ਨੇ ਸਿੰਮਲ ਦੇ ਰੁੱਖ ਦੀ ਉਦਾਹਰਨ ਦੇ ਕੇ ਮਨੁੱਖ ਨੂੰ ਉੱਚੇ ਜੀਵਨ ਮੁੱਲਾਂ ਦੀ ਸਿੱਖਿਆ ਦਿੱਤੀ ਹੈ। ਸਿੰਮਲ ਦਾ ਰੁੱਖ ਬਹੁਤ ਉੱਚਾ ਅਤੇ ਸੋਹਣਾ ਹੁੰਦਾ ਹੈ, ਪਰ ਇਸ ਦੇ ਫਲ ਬੇਸੁਆਦ, ਫੁੱਲ ਬੇਕਾਰ ਅਤੇ ਪੱਤੇ ਵੀ ਕਿਸੇ ਕੰਮ ਦੇ ਨਹੀਂ ਹੁੰਦੇ। ਇਸ ਲਈ ਜੋ ਲੋਕ ਇਸ ਤੋਂ ਲਾਭ ਦੀ ਆਸ ਨਾਲ ਆਉਂਦੇ ਹਨ, ਉਹ ਨਿਰਾਸ਼ ਹੋ ਕੇ ਵਾਪਸ ਚਲੇ ਜਾਂਦੇ ਹਨ।

3 ਸਮਾਂ (ਕਵਿਤਾ)

ਭਾਈ ਵੀਰ ਸਿੰਘ



ਭਾਈ ਵੀਰ ਸਿੰਘ (1872–1957) ਆਧੁਨਿਕ ਪੰਜਾਬੀ ਸਾਹਿਤ ਦੇ ਮਹਾਨ ਕਵੀ, ਲੇਖਕ, ਨਾਵਲਕਾਰ ਅਤੇ ਵਿਦਵਾਨ ਸਨ। ਉਨ੍ਹਾਂ ਦਾ ਜਨਮ 5 ਦਸੰਬਰ 1872 ਨੂੰ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਡਾ. ਚਰਨ ਸਿੰਘ ਅਤੇ ਮਾਤਾ ਦਾ ਨਾਮ ਮਾਤਾ ਜਵਾਹਰ ਕੌਰ ਸੀ।

ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀ ਕਵਿਤਾ ਵਿੱਚ ਰੱਬ ਪ੍ਰਤੀ ਸ਼ਰਧਾ, ਕੁਦਰਤ ਦਾ ਸੁੰਦਰ ਵਰਣਨ, ਮਨੁੱਖਤਾ, ਨਿਮਰਤਾ ਅਤੇ ਦੇਸ਼-ਪ੍ਰੇਮ ਦੇ ਭਾਵ ਪ੍ਰਗਟ ਹੁੰਦੇ ਹਨ। ਉਨ੍ਹਾਂ ਨੇ ਕਵਿਤਾ ਦੇ ਨਾਲ-ਨਾਲ ਨਾਵਲ, ਜੀਵਨੀਆਂ ਅਤੇ ਧਾਰਮਿਕ ਸਾਹਿਤ ਦੀ ਵੀ ਰਚਨਾ ਕੀਤੀ।

ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਵਿੱਚ ਰਾਣਾ ਸੂਰਤ ਸਿੰਘ, ਸੁੰਦਰੀ, ਬਾਬਾ ਨੌਧ ਸਿੰਘ, ਬਿਜੈ ਸਿੰਘ ਅਤੇ ਸਤਵੰਤ ਕੌਰ ਸ਼ਾਮਲ ਹਨ। ਉਨ੍ਹਾਂ ਨੇ ਖਾਲਸਾ ਟ੍ਰੈਕਟ ਸੋਸਾਇਟੀ ਅਤੇ ਖਾਲਸਾ ਸਮਾਚਾਰ ਰਾਹੀਂ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ। ਭਾਈ ਵੀਰ ਸਿੰਘ ਨੂੰ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਲਈ ਸਾਹਿਤ ਅਕਾਦਮੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦਾ ਦੇਹਾਂਤ 10 ਜੂਨ 1957 ਨੂੰ ਅੰਮ੍ਰਿਤਸਰ ਵਿੱਚ ਹੋਇਆ।

ਸਾਰ: ਭਾਈ ਵੀਰ ਸਿੰਘ ਪੰਜਾਬੀ ਭਾਸ਼ਾ ਦੇ ਮਹਾਨ ਕਵੀ ਅਤੇ ਸਾਹਿਤਕਾਰ ਸਨ। ਉਨ੍ਹਾਂ ਦੀਆਂ ਰਚਨਾਵਾਂ ਅੱਜ ਵੀ ਪੰਜਾਬੀ ਸਾਹਿਤ ਦੀ ਅਮੋਲ ਵਿਰਾਸਤ ਮੰਨੀਆਂ ਜਾਂਦੀਆਂ ਹਨ।

ਔਖੇ ਸ਼ਬਦਾਂ ਦੇ ਅਰਥ

ਸੰਭਾਲ – ਸਹੀ ਵਰਤੋਂ ਕਰ, ਸਫ਼ਲ – ਸਾਰਥਕ, ਜਾਚ – ਢੰਗ, ਤਰੀਕਾ, ਠਹਿਰਨ – ਰੁਕਣਾ, ਲੰਘ ਗਿਆ – ਬੀਤ ਗਿਆ, ਮੁੜਕੇ – ਵਾਪਸ, ਆਂਵਦਾ – ਆਉਂਦਾ

ਪ੍ਰਸੰਗ– ਇਹ ਕਾਵਿ-ਸਤਰਾਂ ਆਧੁਨਿਕ ਪੰਜਾਬੀ ਸਾਹਿਤ ਦੇ ਮਹਾਨ ਕਵੀ ਭਾਈ ਵੀਰ ਸਿੰਘ ਜੀ ਦੀ ਰਚਨਾ "ਸਮਾਂ" ਵਿੱਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿੱਚ ਕਵੀ ਨੇ ਸਮੇਂ ਦੀ ਮਹੱਤਤਾ ਅਤੇ ਇਸ ਦੀ ਤੇਜ਼ ਗਤੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਹੈ। ਉਹ ਮਨੁੱਖ ਨੂੰ ਸਮੇਂ ਦੀ ਕਦਰ ਕਰਨ ਅਤੇ ਇਸ ਦੀ ਸਹੀ ਵਰਤੋਂ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਵਿਆਖਿਆ– ਕਵੀ ਭਾਈ ਵੀਰ ਸਿੰਘ ਜੀ ਮਨੁੱਖ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਮਨੁੱਖ! ਅਜੇ ਵੀ ਸਮਾਂ ਹੈ, ਇਸ ਲਈ ਇਸ ਕੀਮਤੀ ਸਮੇਂ ਦੀ ਸੰਭਾਲ ਕਰ ਅਤੇ ਇਸ ਦੀ ਸਹੀ ਵਰਤੋਂ ਕਰ। ਜੇ ਤੂੰ ਆਪਣੇ ਸਮੇਂ ਨੂੰ ਚੰਗੇ ਕੰਮਾਂ, ਮਿਹਨਤ ਅਤੇ ਨੇਕ ਕਾਰਜਾਂ ਵਿੱਚ ਲਗਾਵੇਂਗਾ, ਤਾਂ ਤੇਰਾ ਜੀਵਨ ਸਫ਼ਲ ਅਤੇ ਸਾਰਥਕ ਬਣ ਜਾਵੇਗਾ।

ਕਵੀ ਅੱਗੇ ਕਹਿੰਦੇ ਹਨ ਕਿ ਸਮਾਂ ਬਹੁਤ ਤੇਜ਼ੀ ਨਾਲ ਉੱਡਦਾ ਜਾਂਦਾ ਹੈ। ਇਸ ਨੂੰ ਰੁਕਣਾ ਨਹੀਂ ਆਉਂਦਾ ਅਤੇ ਨਾ ਹੀ ਇਹ ਕਿਸੇ ਦੀ ਉਡੀਕ ਕਰਦਾ ਹੈ। ਜੋ ਸਮਾਂ ਇੱਕ ਵਾਰ ਬੀਤ ਜਾਂਦਾ ਹੈ, ਉਹ ਕਦੇ ਵੀ ਮੁੜ ਕੇ ਨਹੀਂ ਆਉਂਦਾ। ਇਸ ਲਈ ਮਨੁੱਖ ਨੂੰ ਹਰ ਪਲ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਸਮੇਂ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ।

ਇਨ੍ਹਾਂ ਸਤਰਾਂ ਰਾਹੀਂ ਕਵੀ ਸਾਨੂੰ ਇਹ ਮਹੱਤਵਪੂਰਨ ਸੰਦੇਸ਼ ਦਿੰਦੇ ਹਨ ਕਿ ਸਮਾਂ ਜੀਵਨ ਦੀ ਸਭ ਤੋਂ ਕੀਮਤੀ ਦੌਲਤ ਹੈ। ਇਸ ਦੀ ਸਹੀ ਵਰਤੋਂ ਹੀ ਮਨੁੱਖ ਨੂੰ ਸਫ਼ਲਤਾ ਅਤੇ ਉੱਚਾਈਆਂ ਤੱਕ ਪਹੁੰਚਾਉਂਦੀ ਹੈ, ਜਦਕਿ ਸਮੇਂ ਦੀ ਬਰਬਾਦੀ ਜੀਵਨ ਵਿੱਚ ਪਛਤਾਵੇ ਦਾ ਕਾਰਨ ਬਣਦੀ ਹੈ।

ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਜਾਂ ਇੱਕ ਲਾਈਨ ਵਿੱਚ ਲਿਖੋ।

ਪ੍ਰਸ਼ਨ 1. **ਭਾਈ ਵੀਰ ਸਿੰਘ ਕੌਣ ਸਨ ?**

ਉੱਤਰ: ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਮਹਾਨ ਕਵੀ, ਲੇਖਕ ਅਤੇ ਵਿਦਵਾਨ ਸਨ।

ਪ੍ਰਸ਼ਨ 2. **ਭਾਈ ਵੀਰ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?**

ਉੱਤਰ: ਉਨ੍ਹਾਂ ਦਾ ਜਨਮ 5 ਦਸੰਬਰ 1872 ਨੂੰ ਅੰਮ੍ਰਿਤਸਰ ਵਿੱਚ ਹੋਇਆ।

ਪ੍ਰਸ਼ਨ 3. **ਭਾਈ ਵੀਰ ਸਿੰਘ ਨੂੰ ਕਿਸ ਉਪਾਧੀ ਨਾਲ ਸਨਮਾਨਿਆ ਜਾਂਦਾ ਹੈ ?**

ਉੱਤਰ: ਉਨ੍ਹਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਕਿਹਾ ਜਾਂਦਾ ਹੈ।

ਪ੍ਰਸ਼ਨ 4. **"ਸਮਾਂ" ਕਵਿਤਾ ਦਾ ਮੁੱਖ ਵਿਸ਼ਾ ਕੀ ਹੈ ?**

ਉੱਤਰ: ਸਮੇਂ ਦੀ ਮਹੱਤਤਾ ਅਤੇ ਉਸ ਦੀ ਸਹੀ ਵਰਤੋਂ ਬਾਰੇ।

ਪ੍ਰਸ਼ਨ 5. **ਮਨੁੱਖ ਨੂੰ ਸਮੇਂ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ ?**

ਤਸਵੀਰ-ਕਹਾਣੀ ਦਾ ਸੌਖਾ ਢਾਂਚਾ

1. ਪਾਤਰਾਂ ਦੀ ਪਛਾਣ - ਤਸਵੀਰਾਂ ਵਿੱਚ ਕੌਣ-ਕੌਣ ਹੈ ?
2. ਸਥਾਨ ਦੀ ਪਛਾਣ - ਘਟਨਾ ਕਿੱਥੇ ਵਾਪਰ ਰਹੀ ਹੈ ?
3. ਸ਼ੁਰੂਆਤੀ ਸਥਿਤੀ - ਸਭ ਤੋਂ ਪਹਿਲਾਂ ਕੀ ਹੋਇਆ ?
4. ਮੁੱਖ ਘਟਨਾ ਜਾਂ ਸਮੱਸਿਆ - ਅਚਾਨਕ ਕੀ ਵਾਪਰਿਆ ?
5. ਹੱਲ - ਪਾਤਰਾਂ ਨੇ ਕੀ ਕੀਤਾ ?
6. ਅੰਤ - ਘਟਨਾ ਕਿਵੇਂ ਸਮਾਪਤ ਹੋਈ ?
7. ਸਿੱਖਿਆ - ਇਸ ਘਟਨਾ ਤੋਂ ਕੀ ਸਿੱਖਿਆ ਮਿਲਦੀ ਹੈ ?







ਕਹਾਣੀ ਦੁਬਾਰਾ ਸੁਣਾਉਂਦੇ ਸਮੇਂ ਵਿਦਿਆਰਥੀ ਨੂੰ ਕਹਾਣੀ ਦੇ ਮੁੱਖ ਪਾਤਰਾਂ, ਸਥਾਨ, ਸਮੱਸਿਆ, ਮਹੱਤਵਪੂਰਨ ਘਟਨਾਵਾਂ, ਅੰਤ ਅਤੇ ਸੰਦੇਸ਼ ਬਾਰੇ ਦੱਸਣਾ ਚਾਹੀਦਾ ਹੈ। ਵਿਦਿਆਰਥੀ ਦਾ ਉਦੇਸ਼ ਪਾਠ ਦੀ ਹਰ ਲਾਈਨ ਦੁਹਰਾਉਣਾ ਨਹੀਂ, ਸਗੋਂ ਉਸ ਦਾ ਮੁੱਖ ਭਾਵ ਸਪਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨਾ ਹੈ।

ਇਹ ਗਤੀਵਿਧੀ ਵਿਦਿਆਰਥੀ ਦੀ ਸੁਣਨ-ਸਮਝ, ਯਾਦ-ਸ਼ਕਤੀ, ਕ੍ਰਮਬੱਧ ਸੋਚ, ਸ਼ਬਦਾਵਲੀ, ਉਚਾਰਨ ਅਤੇ ਆਤਮ-ਵਿਸ਼ਵਾਸ ਦਾ ਵਿਕਾਸ ਕਰਦੀ ਹੈ।

ਗਤੀਵਿਧੀ 1

- **'ਸਾਂਝ' ਕਹਾਣੀ ਦੁਬਾਰਾ ਸੁਣਾਓ, ਕਹਾਣੀਕਾਰ ਕੁਲਵੰਤ ਸਿੰਘ ਵਿਰਕ**

ਕਹਾਣੀ ਨੂੰ ਯਾਦ ਕਰਨ ਲਈ ਮੁੱਖ ਬਿੰਦੂ

1. ਵੱਡੇ ਸਰਦਾਰ ਦੇ ਜਵਾਈ ਦੀ ਹਾਦਸੇ ਵਿੱਚ ਮੌਤ।
2. ਸਰਦਾਰ ਦੇ ਪਰਿਵਾਰ ਦਾ ਤੁਰੰਤ ਘਰੋਂ ਚਲੇ ਜਾਣਾ।
3. ਕੁਝ ਦਿਨਾਂ ਬਾਅਦ ਸਰਦਾਰ ਦਾ ਵਾਪਸ ਆਉਣਾ।
4. ਲੋਕਾਂ ਦਾ ਦੁੱਖ ਸਾਂਝਾ ਕਰਨ ਲਈ ਸਰਦਾਰ ਦੀ ਕੋਠੀ ਵਿੱਚ ਆਉਣਾ।
5. ਸਰਦਾਰ ਦਾ ਆਪ ਨਾ ਰੋਣਾ ਅਤੇ ਦੂਜਿਆਂ ਨੂੰ ਹੌਸਲਾ ਦੇਣਾ।
6. ਕਹਾਣੀਕਾਰ ਅਤੇ ਉਸ ਦੀ ਪਤਨੀ ਦਾ ਅਫ਼ਸੋਸ ਕਰਨ ਜਾਣਾ।
7. ਦਲਾਨ ਵਿੱਚ ਅਮੀਰ ਅਤੇ ਸਧਾਰਨ ਲੋਕਾਂ ਦੀਆਂ ਵੱਖ-ਵੱਖ ਟੋਲੀਆਂ।
8. ਸਧਾਰਨ ਪੇਂਡੂ ਲੋਕਾਂ ਦੀ ਚੁੱਪ ਅਤੇ ਸੰਕੋਚ।
9. ਬਜ਼ੁਰਗ ਵਿਅਕਤੀ ਵੱਲੋਂ ਆਪਣੇ ਜਵਾਈ ਦੀ ਮੌਤ ਦਾ ਦੁੱਖ ਸਾਂਝਾ ਕਰਨਾ।
10. ਬਜ਼ੁਰਗ ਦੀ ਗੱਲ ਸੁਣ ਕੇ ਸਰਦਾਰ ਦਾ ਫੁੱਟ-ਫੁੱਟ ਕੇ ਰੋ ਪੈਣਾ।
11. ਮਨੁੱਖੀ ਦੁੱਖ ਅਤੇ ਹਮਦਰਦੀ ਦੀ ਅਸਲ ਸਾਂਝ।

ਗਤੀਵਿਧੀ ਸ਼੍ਰੇਣੀ–9

ਭੂਮਿਕਾ-ਅਦਾਇਗੀ

ਜਾਣ-ਪਛਾਣ ਵਾਲੀਆਂ ਸਥਿਤੀਆਂ ਉੱਤੇ

ਜਾਣ-ਪਛਾਣ - ਭੂਮਿਕਾ-ਅਦਾਇਗੀ ਇੱਕ ਅਜਿਹੀ ਗਤੀਵਿਧੀ ਹੈ, ਜਿਸ ਵਿੱਚ ਵਿਦਿਆਰਥੀ ਕਿਸੇ ਜਾਣੀ-ਪਛਾਣੀ ਸਥਿਤੀ ਦੇ ਪਾਤਰਾਂ ਦੀ ਭੂਮਿਕਾ ਨਿਭਾਉਂਦੇ ਹਨ। ਉਹ ਪਾਤਰ ਦੀ ਸਥਿਤੀ, ਭਾਵਨਾ ਅਤੇ ਉਦੇਸ਼ ਨੂੰ ਸਮਝ ਕੇ ਸੰਵਾਦ ਬੋਲਦੇ ਹਨ।

ਇਸ ਗਤੀਵਿਧੀ ਵਿੱਚ ਵਿਦਿਆਰਥੀ ਨੂੰ ਪੂਰਾ ਸੰਵਾਦ ਰੱਟਣ ਦੀ ਲੋੜ ਨਹੀਂ ਹੁੰਦੀ। ਉਸ ਨੂੰ ਸਥਿਤੀ ਅਤੇ ਆਪਣੀ ਭੂਮਿਕਾ ਸਮਝ ਕੇ ਸੁਭਾਵਿਕ ਢੰਗ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

ਭੂਮਿਕਾ-ਅਦਾਇਗੀ ਰਾਹੀਂ ਵਿਦਿਆਰਥੀ ਰੋਜ਼ਾਨਾ ਜੀਵਨ ਵਿੱਚ ਵਰਤੀ ਜਾਣ ਵਾਲੀ ਭਾਸ਼ਾ, ਨਿਮਰਤਾ, ਸਮੱਸਿਆ-ਹੱਲ, ਸਹਿਯੋਗ, ਭਾਵ-ਪ੍ਰਗਟਾਵਾ ਅਤੇ ਆਤਮ-ਵਿਸ਼ਵਾਸ ਦਾ ਅਭਿਆਸ ਕਰਦੇ ਹਨ।

ਵਰਕਸ਼ੀਟ

ਤਸਵੀਰ ਦਾ ਸਿਰਲੇਖ

ਮੁੱਖ ਬਿੰਦੂ

1. _____
2. _____
3. _____
4. _____
5. _____

ਮੇਰਾ ਵਰਣਨ

_____

_____

_____

_____

_____

_____

_____

_____

ਇਕਾਈ–3

ਸਧਾਰਨ ਕਹਾਣੀ ਲਿਖਣਾ

ਸ਼ਬਦ-ਸੀਮਾ: 100 **ਸ਼ਬਦਾਂ ਤੱਕ**

ਕੁੱਲ ਅੰਕ: 5

ਜਾਣ-ਪਛਾਣ - ਕਹਾਣੀ ਰਚਨਾਤਮਕ ਲਿਖਤ ਦਾ ਇੱਕ ਰੁਚਿਕਰ ਰੂਪ ਹੈ। ਇਸ ਵਿੱਚ ਕਿਸੇ ਘਟਨਾ, ਸਮੱਸਿਆ, ਅਨੁਭਵ ਜਾਂ ਕਲਪਨਾ ਨੂੰ ਪਾਤਰਾਂ ਅਤੇ ਘਟਨਾਵਾਂ ਦੀ ਸਹਾਇਤਾ ਨਾਲ ਪੇਸ਼ ਕੀਤਾ ਜਾਂਦਾ ਹੈ।

ਇੱਕ ਚੰਗੀ ਕਹਾਣੀ ਵਿੱਚ ਸਪਸ਼ਟ ਸ਼ੁਰੂਆਤ, ਕ੍ਰਮਬੱਧ ਘਟਨਾਵਾਂ, ਕੋਈ ਸਮੱਸਿਆ ਜਾਂ ਰੁਚਿਕਰ ਮੋੜ ਅਤੇ ਪ੍ਰਭਾਵਸ਼ਾਲੀ ਅੰਤ ਹੁੰਦਾ ਹੈ। ਕਹਾਣੀ ਦੇ ਅੰਤ ਵਿੱਚ ਕੋਈ ਸਿੱਖਿਆ, ਸੰਦੇਸ਼ ਜਾਂ ਵਿਚਾਰ ਵੀ ਦਿੱਤਾ ਜਾ ਸਕਦਾ ਹੈ।

ਵਿਦਿਆਰਥੀ ਨੂੰ ਕਹਾਣੀ ਲਿਖਦੇ ਸਮੇਂ ਆਪਣੀ ਕਲਪਨਾ ਅਤੇ ਮੌਲਿਕ ਵਿਚਾਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕਹਾਣੀ 100 ਸ਼ਬਦਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।

(ਖ) ਬਹੁ-ਵਿਕਲਪੀ ਪ੍ਰਸ਼ਨ **(1×1=1 ਅੰਕ)**

3. ਮਹਾਰਾਜਾ ਰਣਜੀਤ ਸਿੰਘ ਨੇ ਵਿਦੇਸ਼ੀ ਢੰਗ ਦੀ ਫ਼ੌਜ ਨੂੰ ਤਿਆਰ ਕਰਨ ਲਈ ਕਿਸ ਨੂੰ ਭਰਤੀ ਕੀਤਾ ?

(i) ਅਫ਼ਗਾਨ ਸਿਪਾਹੀਆਂ ਨੂੰ

(ii) ਯੂਰਪੀਨ ਜਰਨੈਲਾਂ ਨੂੰ

(iii) ਅੰਗਰੇਜ਼ ਵਪਾਰੀਆਂ ਨੂੰ

(iv) ਕਸ਼ਮੀਰੀ ਸੈਨਿਕਾਂ ਨੂੰ

(ਗ) ਮਿਲਾਨ ਕਰੋ **(1×1=1 ਅੰਕ)**

ਕਾਲਮ–ਕ	**ਕਾਲਮ–ਖ**
(ੳ) ਖ਼ਾਲਸਾ ਰਾਜ	ਸਾਰੇ ਪੰਜਾਬੀਆਂ ਦਾ ਰਾਜ
(ਅ) ਵਜ਼ੀਰ ਅਤੇ ਕਰਮਚਾਰੀ	ਯੋਗਤਾ ਦੇ ਆਧਾਰ 'ਤੇ ਚੋਣ
(ਏ) ਜਨਰਲ ਵੈਨਤੂਰਾ ਅਤੇ ਅੱਲਾਰਡ	ਕਰੜੀ ਪਰਖ

(ਘ) ਖਾਲੀ ਥਾਂ ਭਰੋ **(1×1=1 ਅੰਕ)**

4. ਮਹਾਰਾਜਾ ਰਣਜੀਤ ਸਿੰਘ ਨੇ ਕਦੇ ਵੀ ਜਾਤ ਜਾਂ _____ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ।

(ਙ) ਸਹੀ / ਗਲਤ **(1×1=1 ਅੰਕ)**

5. ਲਾਹੌਰ ਦਰਬਾਰ ਵਿੱਚ ਭਰਤੀ ਕਰਨ ਤੋਂ ਪਹਿਲਾਂ ਯੂਰਪੀਨ ਜਰਨੈਲਾਂ ਦੀ ਚੰਗੀ ਤਰ੍ਹਾਂ ਪਰਖ ਕੀਤੀ ਜਾਂਦੀ ਸੀ। **(ਸਹੀ / ਗਲਤ)**

(ਚ) ਇੱਕ ਸ਼ਬਦ/ਵਾਕ ਵਿੱਚ ਉੱਤਰ ਦਿਓ **(1×1=1 ਅੰਕ)**

6. ਜਨਰਲ ਵੈਨਤੂਰਾ ਅਤੇ ਅੱਲਾਰਡ ਕਿਸ ਸਾਲ ਲਾਹੌਰ ਆਏ ਸਨ ?

ਪ੍ਰਸ਼ਨ 5. ਹੇਠਾਂ ਦਿੱਤੇ ਪੈਰਾਗ੍ਰਾਫ ਨੂੰ ਧਿਆਨਪੂਰਵਕ ਪੜ੍ਹੋ ਅਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

ਉਹ ਅਨਪੜ੍ਹ ਹੁੰਦਾ ਹੋਇਆ ਵੀ ਵਿਦਵਾਨਾਂ, ਸਾਹਿਤਕਾਰਾਂ, ਖੋਜੀਆਂ ਅਤੇ ਉਦਯੋਗਾਂ ਵਿਚ ਲੱਗੇ ਹੋਏ ਕਾਰੀਗਰਾਂ ਦਾ ਬੜਾ ਵੱਡਾ ਸਰਪ੍ਰਸਤ ਸੀ। ਉਸ ਨੂੰ ਸਦਾ ਹੀ ਨਵਾਂ ਕੁਝ ਜਾਣਨ ਦੀ ਬੜੀ ਜਗਿਆਸਾ ਲੱਗੀ ਰਹਿੰਦੀ ਸੀ। ਇਸੇ ਕਰਕੇ ਉਹ ਹਰ ਸੂਝਵਾਨ ਵਿਅਕਤੀ ਨਾਲ਼ ਗੱਲਬਾਤ ਕਰਕੇ ਬੜਾ ਪ੍ਰਸੰਨ ਹੁੰਦਾ ਸੀ। ਉਸ ਦੀ ਯਾਦਦਾਸ਼ਤ ਬੜੀ ਤੇਜ਼ ਸੀ। ਇਕ ਵਾਰ ਦੀ ਸੁਣੀ ਗੱਲ ਹਮੇਸ਼ਾਂ ਲਈ ਯਾਦ ਰੱਖ ਸਕਦਾ ਸੀ। ਘੋੜ-ਸੁਆਰੀ ਉਸ ਦਾ ਮਨਭਾਉਂਦਾ ਸ਼ੌਕ ਸੀ। ਰਾਜ ਦੇ ਕਈ ਫ਼ੈਸਲੇ ਉਹ ਘੋੜੇ ਦੀ ਕਾਠੀ 'ਤੇ ਬੈਠਾ-ਬੈਠਾ ਹੀ ਕਰ ਲੈਂਦਾ ਸੀ। ਮਹਾਰਾਜਾ ਕੱਦ ਦਾ ਛੋਟਾ ਸੀ, ਪਰ ਸਰੀਰਕ ਤੌਰ ਤੇ ਬਹੁਤ ਫੁਰਤੀਲਾ ਸੀ। ਬਚਪਨ ਵਿਚ ਨਿਕਲੀ ਚੇਚਕ ਕਰਕੇ ਉਸ ਦੀ ਇਕ ਅੱਖ ਜਾਂਦੀ ਰਹੀ ਸੀ, ਪਰ ਉਸ ਨੇ ਆਪਣੇ ਇਸ ਘਾਟੇ ਨੂੰ ਹੋਰ ਗੁਣਾਂ ਨਾਲ਼ ਪੂਰਾ ਕਰ ਲਿਆ ਸੀ। ਉਸ ਦੇ ਚਿਹਰੇ ਦਾ ਤੇਜ-ਪ੍ਰਤਾਪ ਹੀ ਕੁਝ ਐਸਾ ਸੀ ਕਿ ਉਸ ਦੀ ਸਮੁੱਚੀ ਸ਼ਖ਼ਸੀਅਤ ਤੋਂ ਕੋਈ ਵੀ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ। ਇਕ ਵਾਰ ਜਦੋਂ ਕਿਸੇ ਅੰਗਰੇਜ਼ ਨੇ ਫ਼ਕੀਰ ਅਜ਼ੀਜ਼-ਓ-ਦੀਨ ਕੋਲੋਂ ਪੁੱਛਿਆ ਸੀ ਕਿ 'ਤੁਹਾਡੇ ਮਹਾਰਾਜੇ ਦੀ ਕਿਹੜੀ ਅੱਖ ਕਾਣੀ ਹੈ ?' ਤਾਂ ਫ਼ਕੀਰ ਅਜ਼ੀਜ਼-ਓ-ਦੀਨ ਨੇ ਬੜੀ ਨਿਮਰਤਾ ਅਤੇ ਸੰਜੀਦਗੀ ਨਾਲ਼ ਉੱਤਰ ਦਿੱਤਾ ਸੀ ਕਿ 'ਉਨ੍ਹਾਂ ਦੇ ਚਿਹਰੇ ਦਾ ਜਲਾਲ ਹੀ ਇਤਨਾ ਹੈ ਕਿ ਮੈਂ ਅੱਜ ਤੱਕ ਵੇਖ ਹੀ ਨਹੀਂ ਸਕਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਠੀਕ ਨਹੀਂ।